## ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ
## ਦਫ਼ਤਰ ਸਰਵ ਸਿਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ. 104-106,ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,ਚੰਡੀਗੜ**

**ਫ਼ੋਨ ਨੰ : 0172-2623206,2623207**


---

ਵੱਲ

ਸਮੂਹ ਬੀ.ਪੀ.ਈ.ਓ. ਅਤੇ ਬੀ.ਪੀ.ਸੀ
ਪੰਜਾਬ।

ਮੀਮੋ ਨੰ.:ਏ.ਐਸ.ਪੀ.ਡੀ.(ਐਚ.ਆਰ.)/2010/ਐਸ.ਐਸ.ਏ./27951-952
ਮਿਤੀ ਚੰਡੀਗੜ੍ਹ 3rd ਮਾਰਚ, 2010

**ਵਿਸ਼ਾ: - ਮਿਤੀ 27-02-2010 ਨੂੰ ਹੋਈ ਰਾਜ ਦੇ ਸਮੂਹ ਬੀ.ਪੀ.ਈ.ਓਜ਼ ਅਤੇ ਬੀ.ਪੀ.ਸੀਜ਼ ਦੀ ਕੁਆਰਟਰਲੀ ਤਿਮਾਹੀ ਮੀਟਿੰਗ ਦੀ ਕਾਰਵਾਈ ਰਿਪੋਰਟ।**

1.0 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਅਤੇ ਬਲਾਕ ਪ੍ਰੋਜੈਕਟ ਕੋਆਰਡੀਨੇਟਰਾਂ ਦੀ ਮੀਟਿੰਗ 27 ਫਰਵਰੀ 2010 ਨੂੰ ਜ਼ਿਲ੍ਹਾ ਮੋਹਾਲੀ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਰਡੀਟੋਰੀਅਮ ਵਿਖੇ ਹੋਈ।ਮੀਟਿੰਗ ਦੌਰਾਨ ਸਰਵ ਸਿੱਖਿਆ ਅਭਿਆਨ ਦੇ ਵੱਖ-2 ਪ੍ਰੋਗਰਾਮਾਂ ਦਾ ਰਿਵਿਊ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਵਲੋਂ ਕੀਤੀ ਗਈ।

2.0 ਮੀਟਿੰਗ ਦੌਰਾਨ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ।

2.1 ਮੱਧ ਵਰਤੀ ਜਾਂਚ ਦੌਰਾਨ ਹੇਠ ਲਿਖੇ ਜ਼ਿਲ੍ਹਿਆਂ ਦੇ ਬੱਚੇ ਅਜੇ ਵੀ ਆਰਭਿਕ ਤੇ ਹਨ।

ੳ) ਭਾਸ਼ਾ ਦੇ ਆਰੰਭਿਕ ਤੇ ਬੱਚੇ

| ਲੜੀ ਨੰ. | ਜ਼ਿਲ੍ਹਾ | ਅਰੰਭਿਕ ਭਾਸ਼ਾ | | | | | ਕੁੱਲ ਬੱਚੇ |
|---|---|---|---|---|---|---|---|
| | | ਜਮਾਤ | | | | | |
| | | I | II | III | IV | V | |
| 1 | ਅੰਮ੍ਰਿਤਸਰ | 5212 | 1495 | 514 | 161 | 37 | 7419 |
| 2 | ਬਠਿੰਡਾ | 3323 | 444 | 94 | 28 | 9 | 3898 |
| 3 | ਬਰਨਾਲਾ | 1324 | 213 | 51 | 22 | 1 | 1611 |
| 4 | ਫਤਿਹਗੜ੍ਹ ਸਾਹਿਬ | 660 | 84 | 23 | 16 | 10 | 793 |
| 5 | ਫਿਰੋਜ਼ਪੁਰ | 4418 | 1107 | 344 | 84 | 12 | 5965 |
| 6 | ਫਰੀਦਕੋਟ | 1235 | 320 | 67 | 18 | 2 | 1642 |
| 7 | ਗੁਰਦਾਸਪੁਰ | 4408 | 1055 | 459 | 194 | 71 | 6187 |
| 8 | ਹੁਸ਼ਿਆਰਪੁਰ | 5117 | 1530 | 557 | 279 | 122 | 7605 |
| 9 | ਜਲੰਧਰ | 3050 | 602 | 183 | 118 | 11 | 3964 |
| 10 | ਕਪੂਰਥਲਾ | 1738 | 500 | 190 | 56 | 23 | 2507 |
| 11 | ਲੁਧਿਆਣਾ | 5258 | 1089 | 313 | 97 | 29 | 6786 |
| 12 | ਮੋਗਾ | 2774 | 624 | 189 | 58 | 15 | 3660 |
| 13 | ਮਾਨਸਾ | 3026 | 785 | 265 | 199 | 68 | 4343 |
| 14 | ਮੁਕਤਸਰ | 2942 | 627 | 133 | 33 | 3 | 3738 |
| 15 | ਨਵਾਂ ਸ਼ਹਿਰ | 797 | 132 | 59 | 24 | 9 | 1021 |
| 16 | ਮੁਹਾਲੀ | 1228 | 167 | 58 | 34 | 11 | 1498 |
| 17 | ਪਟਿਆਲਾ | 5484 | 1174 | 277 | 80 | 14 | 7029 |
| 18 | ਰੋਪੜ | 1483 | 193 | 63 | 29 | 9 | 1777 |

| | | | | | | | |
|---|---|---|---|---|---|---|---|
| 19 | ਸੰਗਰੂਰ | 3271 | 533 | 173 | 54 | 6 | 4037 |
| 20 | ਤਰਨਤਾਰਨ | 3398 | 916 | 307 | 99 | 13 | 4733 |

ਅ) ਗਣਿਤ ਦੇ ਆਰੰਭਿਕ ਤੇ ਬੱਚੇ

| ਲੜੀ ਨੰ. | ਜ਼ਿਲ੍ਹਾ | ਗਣਿਤ ਦੇ ਅਰੰਭਿਕ ਭਾਸ਼ਾ | | | | | ਕੁੱਲ ਬੱਚੇ |
|---|---|---|---|---|---|---|---|
| | | I | II | III | IV | V | |
| 1 | ਅੰਮ੍ਰਿਤਸਰ | 8692 | 3339 | 1164 | 380 | 98 | 13673 |
| 2 | ਬਠਿੰਡਾ | 7772 | 1982 | 579 | 148 | 45 | 10526 |
| 3 | ਬਰਨਾਲਾ | 3088 | 971 | 279 | 83 | 16 | 4437 |
| 4 | ਫਤਿਹਗੜ੍ਹ ਸਾਹਿਬ | 2179 | 441 | 116 | 59 | 22 | 2817 |
| 5 | ਫਿਰੋਜ਼ਪੁਰ | 10187 | 3532 | 1091 | 280 | 70 | 15160 |
| 6 | ਫਰੀਦਕੋਟ | 3240 | 1179 | 374 | 119 | 30 | 4942 |
| 7 | ਗੁਰਦਾਸਪੁਰ | 8332 | 2610 | 1132 | 486 | 145 | 12705 |
| 8 | ਹੁਸ਼ਿਆਰਪੁਰ | 9402 | 3805 | 1492 | 728 | 310 | 15737 |
| 9 | ਜਲੰਧਰ | 6717 | 1810 | 633 | 220 | 73 | 9453 |
| 10 | ਕਪੂਰਥਲਾ | 3352 | 1373 | 606 | 207 | 90 | 5628 |
| 11 | ਲੁਧਿਆਣਾ | 11439 | 3340 | 1164 | 379 | 136 | 16458 |
| 12 | ਮੋਗਾ | 6253 | 2074 | 702 | 179 | 41 | 9249 |
| 13 | ਮਾਨਸਾ | 6349 | 1919 | 638 | 362 | 118 | 9386 |
| 14 | ਮੁਕਤਸਰ | 5011 | 1965 | 497 | 131 | 28 | 7632 |
| 15 | ਨਵਾਂ ਸ਼ਹਿਰ | 1929 | 362 | 118 | 56 | 18 | 2483 |
| 16 | ਮੁਹਾਲੀ | 2528 | 700 | 228 | 111 | 36 | 3603 |
| 17 | ਪਟਿਆਲਾ | 9464 | 3153 | 815 | 212 | 65 | 13709 |
| 18 | ਰੋਪੜ | 3630 | 994 | 258 | 92 | 37 | 5011 |
| 19 | ਸੰਗਰੂਰ | 8367 | 2550 | 903 | 308 | 80 | 12208 |
| 20 | ਤਰਨਤਾਰਨ | 6046 | 2479 | 1086 | 372 | 75 | 10058 |

ਉਪਰੋਕਤ ਸਥਿਤੀ ਨੂੰ ਦੇਖਦੇ ਹੋਏ ਹੈ ਕਿ CMTs/BMTs ਦੀ ਮੱਦਦ ਲੈਕੇ ਬੀ.ਪੀ.ਈ.ਓਜ਼ ਅਤ ਬੀ.ਪੀ.ਸੀਜ਼ ਨੂੰ ਆਪਣੇ ਬਲਾਕ ਦੇ ਨਤੀਜਿਆਂ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰਨ ਅਤੇ ਮਾਰਚ ਵਿੱਚ ਪੋਸਟ ਟੈਸਟ ਦੌਰਾਨ ਮਾੜੇ ਨਤੀਜਿਆਂ ਵਾਲੇ ਬਲਾਕਾਂ ਦੇ ਬੀ.ਪੀ.ਈ.ਓਜ਼ ਦੀ ਜਿੰਮੇਵਾਰੀ ਹੋਵੇਗੀ।

2.2 ਭਾਸ਼ਾ ਦੇ ਨਾਲ ਗਣਿਤ ਉਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ।

2.3 ਮੌਜੂਦਾ ਅੰਕੜਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹਰੇਕ CMT ਆਪਣੇ ਕਲਸਟਰ ਅਤੇ BMT ਆਪਣੇ ਬਲਾਕ ਨੂੰ ਅਗੇ ਲਿਆਉਣ ਲਈ ਯੋਜਨਾ ਕਰਣ ਅਤੇ ਉਸ ਸਕੂਲ ਨੂੰ ਵਿਸ਼ੇਸ਼ ਫੋਕਸ ਕੀਤਾ ਜਾਵੇ ਜਿਥੇ ਤਰੱਕੀ ਬਹੁਤ ਘੱਟ ਹੋਈ ਹੈ।

2.4 ਸਕੂਲ ਦੀ ਵਿਜ਼ਟਰ ਬੁੱਕ ਤੇ ਬੀ.ਪੀ.ਈ.ਓਜ਼ ਅਤੇ ਬੀ.ਪੀ.ਸੀਜ਼ ਆਪਣੀ ਵਿਸਥਾਰ ਪੂਰਵਕ ਟਿੱਪਣੀ ਨਹੀ ਕਰ ਰਹੇ ਹਨ ਅਤੇ ਨਾ ਹੀ ਸਕੂਲ ਨੂੰ ਦਿੱਤੇ ਟੀਚਿਆਂ ਅਨੁਸਾਰ ਕੀਤੇ ਗਏ ਕੰਮਾਂ ਦਾ ਰਿਵਿਊ ਕਰਦੇ ਹਨ। ਸਮੂਹ ਬੀ.ਪੀ.ਈ.ਓਜ਼ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਹਦਾਇਤ ਕੀਤੀ ਗਈ।

2.5 ਉਹ ਸਕੂਲ ਜਿੰਨ੍ਹਾਂ ਦੀ ਪ੍ਰਗਤੀ ਬਹੁਤ ਘੱਟ ਹੈ ਉਹਨਾਂ ਸਕੂਲਾਂ ਨੂੰ ਵਾਰ ਵਾਰ ਚੈੱਕ ਕੀਤੀ ਜਾਵੇ।

2.6 ਬੱਚਿਆਂ ਦੀ ਜ਼ਿਆਦਾ ਗੈਰਹਾਜ਼ਰੀ ਵਾਲੇ ਸਕੂਲਾਂ ਅੰਦਰ ਵਾਰ ਵਾਰ ਮੁਨੀਟਰਿੰਗ ਕੀਤੀ ਜਾਵੇ ਅਤੇ ਗੈਰ ਹਾਜ਼ਰ ਬੱਚਿਆਂ ਦੀ ਗੈਰਹਾਜ਼ਰੀ ਦਾ ਕਾਰਨ ਪਤਾ ਲਗਾਇਆ ਜਾਵੇ।

2.7 ਟੀ.ਐਲ.ਐਮ ਬਣਾਉਣ ਲਈ ਭੇਜੀ ਰਾਸ਼ੀ ਅਜੇ ਵੀ ਅਧਿਆਪਕ ਆਪਣੇ ਕੋਲ ਰੱਖੀ ਬੈਠੇ ਹਨ।ਇਸਨੂੰ ਖਰਚ ਨਹੀ ਕੀਤਾ ਗਿਆ।ਬੀ.ਪੀ.ਈ.ਓ. ਟੀ.ਐਲ.ਐਮ ਬਾਰੇ ਲਗਾਤਾਰ ਮੁਨੀਟਰ ਕਰਨ।

2.8 ਸਰਵ ਸਿੱਖਿਆ ਅਭਿਆਨ ਵਲੋਂ ਮੈਗਜੀਨ ਸਕੂਲ ਅੰਦਰ ਭੇਜੇ ਜਾ ਰਹੇ ਹਨ। ਇਹਨਾਂ ਨੂੰ ਬੀ.ਪੀ.ਈ.ਓ. ਦਫਤਰਾਂ ਵਲੋਂ ਭੇਜਣ ਲਈ ਬੇਲੋੜੀ ਦੇਰੀ ਕੀਤੀ ਜਾਂਦੀ ਹੈ। ਜੇਕਰ ਕਿਸੇ ਵੀ ਸਕੂਲ ਅੰਦਰ ਮੈਟੀਰੀਅਲ ਸਮੇਂ ਸਿਰ ਨਾ ਮਿਲਣ ਦੀ ਸੂਚਨਾ ਪ੍ਰਾਪਤ ਹੁੰਦੀ ਹੈ ਤਾਂ ਇਸ ਸਬੰਧੀ ਵੀ ਸਬੰਧਤ ਬੀ.ਪੀ.ਈ.ਓਜ਼/ਬੀ.ਪੀ.ਸੀਜ਼ ਜ਼ਿੰਮੇਵਾਰ ਹੋਵੇਗਾ।

2.9 ਬੀ.ਪੀ.ਈ.ਓਜ਼, ਬੀ.ਪੀ.ਸੀਜ਼ ਅਤੇ ਬੀ.ਆਰ.ਪੀਜ਼ ਆਪਣੇ ਟੂਰ ਪ੍ਰੋਗ੍ਰਾਮ ਬਾਰੇ ਮੂਵਮੈਂਟ ਰਜਿਸਟਰ ਤੇ ਦਰਜ ਕਰਕੇ ਜਾਣ ਅਤੇ ਵਾਪਸੀ ਦਾ ਸਮਾਂ ਵੀ ਬਕਾਇਦਾ ਵਿਜ਼ਟਰ ਬੁੱਕ ਤੇ ਲਿਖਿਆ ਜਾਵੇ।

2.10 ਬੀ.ਪੀ.ਈ.ਓਜ਼ ਆਪਣੇ ਬਲਾਕ ਦੇ ਸਾਰੇ ਸਕੂਲਾਂ ਅੰਦਰ ਪੜ੍ਹੋ ਪੰਜਾਬ ਦੇ ਟੀਚੇ ਪ੍ਰਾਪਤ ਕਰਵਾਉਣ ਲਈ ਜਿੰਮੇਵਾਰ ਹੋਣਗੇ।

- ਜਮਾਤ ਪਹਿਲੀ ਦੇ ਸਾਰੇ ਬੱਚੇ ਅੱਖਰ ਅਤੇ ਅੰਕ ਮਹਿਲ ਤੇ ਹੋਣ।
- ਜਮਾਤ ਦੂਸਰੀ ਦੇ ਸਾਰੇ ਬੱਚੇ ਸ਼ਬਦ ਅਤੇ ਜੋੜ ਮਹਿਲ ਤੇ ਹੋਣ।
- ਜਮਾਤ ਤੀਸਰੀ ਦੇ ਸਾਰੇ ਬੱਚੇ ਪੈਰਾ ਅਤੇ ਘਟਾਓ ਮਹਿਲ ਤੇ ਹੋਣ।
- ਜਮਾਤ ਚੌਥੀ ਦੇ ਸਾਰੇ ਬੱਚੇ ਕਹਾਣੀ ਅਤੇ ਭਾਗ ਮਹਿਲ ਤੇ ਹੋਣ।

2.11 ਸਮੂਹ ਬੀ.ਪੀ.ਈ.ਓਜ਼ ਹਰੇਕ ਪਿੰਡ/ਸ਼ਹਿਰ ਦੇ ਆਗਨਵਾੜੀ ਵਰਕਰ ਨੂੰ ਪਸਵਕ ਦਾ ਮੈਂਬਰ ਬਣਾਉਣਗੇ।

2.12 ਦੂਜੇ ਪੜਾਓ ਦੀ ਪਸਵਕ ਟ੍ਰੇਨਿੰਗ 15 ਮਾਰਚ ਤੋਂ ਸ਼ੁਰੂ ਹੋ ਰਹੀ ਹੈ। ਉਸਨੂੰ ਪਿੰਡ/ਸ਼ਹਿਰ ਦੀ ਕਿਸੇ ਵੀ ਸਾਂਝੀ ਥਾਂ ਤੇ ਕਰਵਾਉਣ ਲਈ ਬੀ.ਪੀ.ਈ.ਓਜ਼ ਸਾਹਿਬਾਨ ਯਕੀਨੀ ਬਣਾਉਣਗੇ।

2.13 ਕਿਸੇ ਵੀ ਅਧਿਆਪਕ ਨੂੰ ਸਕੂਲ ਸਮੇਂ ਦੌਰਾਨ ਆਪਣੇ ਦਫ਼ਤਰ ਆਨ ਡਿਊਟੀ ਜਾਂ ਡਾਕ ਸਬੰਧੀ ਨਾ ਬੁਲਾਇਆ ਜਾਵੇ।

2.14 ਬੀ.ਪੀ.ਈ.ਓਜ਼ ਆਪਣੀ ਡਾਕ ਜ਼ਿਲ੍ਹਾ ਸਿੱਖਿਆ ਅਫਸਰ ਦੇ ਦਫ਼ਤਰ ਅਤੇ ਮੁੱਖ ਦਫ਼ਤਰ ਨੂੰ ਈ-ਮੇਲ ਰਾਹੀ ਭੇਜਣਾ ਯਕੀਨੀ ਬਣਾਉਣਗੇ।

2.15 ਪ੍ਰਗਤੀ ਕਾਰਡ ਰੀਡਿੰਗ, ਰਿਡਿੰਗ ਸੈਲ, ਇੰਟਰਨੈਟ ਕੁਨੈਕਸ਼ਨ/ਈ-ਮੇਲ, ਬਲੈਕ ਬੋਰਡ, ਨਕਸ਼ੇ ਅਤੇ ਰਾਸਟਰੀ ਗਾਣ, ਪਾਖਾਨਿਆਂ ਦੀ ਸਫਾਈ ਵੱਲ ਬੀ.ਪੀ.ਈ.ਓ. ਅਤੇ ਬੀ.ਪੀ.ਸੀ. ਵਿਸ਼ੇਸ਼ ਧਿਆਨ ਦੇਣਗੇ।

2.16 ਹਰ ਸ਼ੁੱਕਰਵਾਰ ਦੀ ਮੀਟਿੰਗ ਕਰਵਾਉਣ ਲਈ ਬੀ.ਪੀ.ਈ.ਓਜ਼ ਸੁਨਿਸ਼ਚਿਤ ਕਰਨਗੇ ਅਤੇ ਏਜੰਡੇ ਅਨੁਸਾਰ ਮੀਟਿੰਗ ਕਰਵਾਉਣਗੇ।

3.0 ਗੈਰ ਹਾਜ਼ਰ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਲਿਆਂਦਾ ਜਾਵੇ

4.0 ਨਵੋਦਿਆ ਵਿਦਿਆਲੇ ਲਈ ਬੱਚਿਆ ਦੀ ਤਿਆਰੀ ਜਾਰੀ ਰੱਖੀ ਜਾਵੇ ।

5.0 ਸਿੱਖਿਆ ਕਰਮੀਆਂ ਨੂੰ ਤਨਖਾਹ ਸਮੇਂ ਸਿਰ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਜਿੱਥੇ ਸਿੱਖਿਆ ਕਰਮੀ ਕੰਮ ਠੀਕ ਨਹੀਂ ਕਰ ਰਹੇ ਹਨ, ਦੇ ਕੇਸ ਮੁੱਖ ਦਫਤਰ ਨੂੰ ਰਿਪੋਰਟ ਕੀਤੇ ਜਾਣ।

6.0 ਆਪਣੇ ਆਪਣੇ ਬਲਾਕਾਂ ਵਿੱਚ ਅਧਿਆਪਕਾਂ ਦੀ ਤੈਨਾਤੀ ਨਿਯਮਾਂ ਅਨੁਸਾਰ ਕਰਵਾਈ ਜਾਵੇ।

7.0 ਏ.ਆਈ.ਈ. ਵਲੰਟੀਅਰਾਂ ਦਾ ਮੁਲਾਂਕਣ ਕਰਵਾਈ ਜਾਵੇ।

8.0 ਸਕੂਲਾਂ ਵਿੱਚ ਰਿਪੇਅਰ ਮੈਨਟੇਨੈਂਸ ਗ੍ਰਾਂਟ ਅਤੇ ਟੀਚਰ ਮੇਨਟੇਨੈਂਸ ਗ੍ਰਾਂਟ ਨੂੰ ਨਿਯਮਾਂ ਅਨੁਸਾਰ ਵਰਤੀਆ ਜਾਣਾ ਯਕੀਨੀ ਬਣਾਇਆ ਜਾਵੇ

9.0 ਸਕੂਲਾਂ ਵਿੱਚ ਸਥਾਪਿਤ ਬਲੈਕ ਬੋਰਡ ਤੁਰੰਤ ਠੀਕ ਕਰਵਾਏ ਜਾਣ ਅਤੇ ਉਹਨਾਂ ਦੀ ਰੰਗ ਰੋਗਨ ਕਰਵਾਇਆ ਜਾਵੇ ।

10.0 ਸਕੂਲਾਂ ਦਾ ਰੰਗ ਰੋਗਨ ਕਰਵਾਇਆ ਜਾਵੇ ।

11.0 ਕੈਂਸਰ ਅਤੇ ਦਿਲ ਦੀਆ ਬਿਮਾਰੀਆਂ ਤੋਂ ਪੀੜਿਤ ਬੱਚਿਆਂ ਦੇ ਲਈ ਲੋੜੀਂਦੀ ਕਾਰਵਾਈ ਜ਼ਿਲ੍ਹਾ ਸਿੱਖਿਆ ਅਫਸਰ ਦੀ ਸਲਾਹ ਅਨੁਸਾਰ ਕਰਵਾਈ ਜਾਵੇ ।

12.0 ਬਲਾਕਾਂ ਦੇ ਵਿੱਚ ਦਿੱਤੇ ਗਏ ਸਟਾਫ, ਜਿਵੇਂ ਕਿ ਕਲਰਕ, ਬਲਾਕ ਆਫਿਸ ਐਸਿਸਟੈਂਟ, ਸਹਾਇਕ ਬਲਾਕ ਕੋਆਰਡੀਨੇਟਰ ਅਤੇ ਸਹਾਇਕ ਬਲਾਕ ਮੈਨੇਜਰ ਤੋਂ ਲੋੜ ਮੁਤਾਬਿਕ ਕੰਮ ਲਿਆ ਜਾਣਾ ਯਕੀਨੀ ਬਣਾਇਆ ਜਾਵੇ ।

13.0 ਬਲਾਕ ਦੇ ਵਿੱਚ ਸਾਰੇ ਅਧਿਆਪਕਾਂ ਦੀਆਂ ਸੇਵਾ ਪੱਤਰੀਆ ਮੁਕੰਮਲ ਕੀਤੀਆ ਜਾਣ ਅਤੇ ਅਧਿਆਪਕਾਂ ਦੇ ਹੋਰ ਕੰਮ ਜਿਵੇਂ ਕਿ ਪੈਨਸ਼ਨ ਕੇਸ, ਮੈਡਿਕਲ ਪ੍ਰਤਿਪੂਰਤੀ ਦੇ ਬਿਲਾਂ ਬਾਰੇ ਤੁਰੰਤ ਕਾਰਵਾਈ ਕੀਤੀ ਜਾਵੇ ।

14.0 ਕਿਸੇ ਵੀ ਅਧਿਆਪਕ ਨੂੰ ਸਕੂਲ ਸਮੇਂ ਡਾਕ ਲਿਆਉਣ, ਲਿਜਾਉਣ ਲਈ ਮਜ਼ਬੂਰ ਨਾ ਕੀਤਾ ਜਾਵੇ ।

15.0 ਜਿੱਥੇ ਕਿਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਵਾਰ ਵਾਰ ਮੰਗ ਕਰਨ ਤੇ ਵੀ ਡਾਕ ਦੀ ਸੂਚਨਾ ਨਹੀਂ ਦਿੱਤੀ ਜਾਂਦੀ, ਉਸ ਦੀ ਜਾਣਕਾਰੀ ਮੁੱਖ ਦਫਤਰ ਨੂੰ ਦਿੱਤੀ ਜਾਵੇ।

16.0 ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਕੁੱਝ ਦਰਖਾਸਤਾਂ / ਸਮੱਸਿਆਵਾਂ ਦੇ ਬਾਰੇ ਦੱਸਿਆ। ਇਨ੍ਹਾਂ ਸਾਰੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਮੁੱਖ ਦਫਤਰ ਵੱਲੋਂ ਲੋੜੀਂਦੇ ਕਦਮ ਚੁਕੇ ਜਾਣਗੇ ਅਤੇ ਅਗਲੀ ਮੀਟਿੰਗ ਵਿੱਚ ਦੱਸਿਆ ਜਾਵੇਗਾ।

17.0 ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ / ਬਲਾਕ ਪ੍ਰਾਇਮਰੀ ਕੋਆਰਡੀਨੇਟਰਾਂ ਦੀ ਅਗਲੀ ਮੀਟਿੰਗ 10 ਅਪ੍ਰੈਲ, 2010 ਨੂੰ ਹੋਵੇਗੀ ।

18.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: 27953-975 **ਮਿਤੀ- 3rd ਮਾਰਚ, 2010**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਮੰਡਲ ਸਿੱਖਿਆ ਅਫ਼ਸਰ, ਜਲੰਧਰ
2. ਮੰਡਲ ਸਿੱਖਿਆ ਅਫ਼ਸਰ, ਨਾਭਾ
3. ਮੰਡਲ ਸਿੱਖਿਆ ਅਫ਼ਸਰ, ਫਰੀਦਕੋਟ
4. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),ਪੰਜਾਬ
5. ਸਮੂਹ ਪੜ੍ਹੋ ਪੰਜਾਬ ਕੋਆਰਡੀਨੇਟਰ

ਡਾਇਰੈਕਟਰ ਜਨਰਲ ਸਕੂਲ ਸਿੱਖਿਆ